# ਫਰੀਦਕੋਟ ਪੁਲਸ ਨੂੰ ਮਿਲੀ ਸਫ਼ਲਤਾ, ਫਿਰੌਤੀਆਂ ਮੰਗਣ ਵਾਲੇ ਗਿਰੋਹ ਦੇ 2 ਮੈਂਬਰਾਂ ਨੂੰ ਪੈਸਿਆ ਸਮੇਤ ਕੀਤੀ ਗ੍ਰਿਫ਼ਤਾਰ

ਸਥਾਨਕ ਥਾਣਾ ਸਿਟੀ ਦੀ ਪੁਲਸ ਪਾਰਟੀ ਵੱਲੋਂ ਫ਼ਿਰੌਤੀਆਂ ਮੰਗਣ ਵਾਲੇ ਗਿਰੋਹ ਦੇ ਦੋ ਅਜਿਹੇ ਮੈਂਬਰਾਂ ਨੂੰ ਮੌਕੇ ’ਤੇ ਕਾਬੂ ਕਰ ਲਿਆ ਗਿਆ ਜਦੋਂ ਉਹ ਫ਼ਿਰੌਤੀ ਦੀ ਰਕਮ ਲੈਣ ਲਈ ਸ਼ਹਿਰ ਅੰਦਰ ਘੁੰਮ ਰਹੇ ਸਨ। ਇਸ ਮਾਮਲੇ ’ਚ ਥਾਣਾ ਸਿਟੀ ਦੇ ਸਹਾਇਕ ਥਾਣੇਦਾਰ ਸ਼ਵਿੰਦਰ ਸਿੰਘ ਨੇ ਦੱਸਿਆ ਕਿ ਮਿਲੀ ਸੀ ਕਿ ਹਰਦੀਪ ਕੁਮਾਰ ਉਰਫ਼ ਰਿੰਕੂ ਪੁੱਤਰ ਓਮ ਪ੍ਰਕਾਸ਼ ਵਾਸੀ ਕੈਨਾਲ ਕਾਲੋਨੀ ਸ਼ਿਮਲਾਪੁਰੀ ਲੁਧਿਆਣਾ, ਸੁਰੇਸ਼ ਕੁਮਾਰ ਉਰਫ਼ ਭੀਨੀ ਪੁੱਤਰ ਰਣ ਸਿੰਘ ਵਾਸੀ ਪਿੰਡ ਭੋਊ ਜ਼ਿਲਾ ਹਮੀਰਪੁਰ ਹਿਮਾਚਲ ਪ੍ਰਦੇਸ਼ ਅਤੇ ਪ੍ਰਤਾਪ ਰਾਏ ਚੌਹਾਨ ਉਰਫ਼ ਲਾਡੀ ਵਾਸੀ ਲੁਧਿਆਣਾ ਸਾਜਿਸ਼ ਰਚ ਕੇ ਲੋਕਾਂ ਨੂੰ ਡਰਾ ਧਮਕਾ ਕੇ ਫ਼ਿਰੌਤੀਆਂ ਮੰਗਣ ਦੇ ਆਦੀ ਹਨ ਅਤੇ ਇਹ ਸਾਰੇ ਸ਼ਹਿਰ ਅੰਦਰ ਗੱਡੀ ’ਤੇ ਸਵਾਰ ਹੋ ਕੇ ਫ਼ਿਰੌਤੀ ਲੈਣ ਦੀ ਤਾਕ ’ਚ ਘੁੰਮ ਰਹੇ ਹਨ।